# ਕੰਮ-ਕਾਜ ਦੇ ਸਥਾਨ ਤੇ ਸ਼ੋਸ਼ਣ ਦਾ ਅਨੁਭਵ ਕਰ ਰਹੇ ਹੋ?

**ਜੇਕਰ ਤੁਸੀਂ ਇਸਦੀ ਰਿਪੋਰਟ ਕਰਦੇ ਹੋ ਤਾਂ ਤੁਸੀਂ ਵੀਜ਼ਾ ਰੱਦ ਹੋਣ ਤੋਂ ਸੁਰੱਖਿਅਤ ਹੋ ਸਕਦੇ ਹੋ।**

**ਪੰਜਾਬੀ**

## ਅਸਥਾਈ ਵੀਜ਼ਾ ਧਾਰਕਾਂ ਲਈ ਨਵੀਂਆਂ ਸੁਰੱਖਿਆਵਾਂ

ਜੇਕਰ ਕੰਮ ਤੇ ਤੁਹਾਡਾ ਸ਼ੋਸ਼ਣ ਹੋਇਆ ਹੈ ਅਤੇ ਤੁਸੀਂ ਵੀਜ਼ਾ ਸ਼ਰਤ ਦੀ ਉਲੰਘਣਾ ਕੀਤੀ ਹੈ, **ਤਾਂ ਤੁਸੀਂ ਗਰੰਟੀਸ਼ੁਦਾ ਤੌਰ ਤੇ** ਵੀਜ਼ਾ ਰੱਦ ਕੀਤੇ ਜਾਣ ਤੋਂ ਸੁਰੱਖਿਅਤ ਹੋ ਸਕਦੇ ਹੋ ਜੇਕਰ:

- ਤੁਹਾਡੇ ਕੋਲ ਕੰਮ ਦੇ ਅਧਿਕਾਰਾਂ ਵਾਲਾ ਕੋਈ ਅਸਥਾਈ ਵੀਜ਼ਾ ਹੈ
- ਤੁਸੀਂ ਕੰਮ-ਕਾਜ ਦੇ ਸਥਾਨ ਤੇ ਸ਼ੋਸ਼ਣ ਦੇ ਕਾਰਨ ਉਸ ਵੀਜ਼ੇ ਦੀ ਕੰਮ ਨਾਲ ਸਬੰਧਤ ਕਿਸੇ ਸ਼ਰਤ ਦੀ ਉਲੰਘਣਾ ਕੀਤੀ ਹੈ।
- ਤੁਸੀਂ ਪਿਛਲੇ 12 ਮਹੀਨਿਆਂ ਵਿੱਚ ਸ਼ੋਸ਼ਣ ਦਾ ਅਨੁਭਵ ਕੀਤਾ ਹੈ
- ਤੁਹਾਨੂੰ ਕਿਸੇ ਭਰੋਸੇਯੋਗ ਸੰਸਥਾ ਤੋਂ ਆਪਣੇ ਸ਼ੋਸ਼ਣ ਦਾ ਪ੍ਰਮਾਣਿਤ ਸਬੂਤ ਮਿਲਿਆ ਹੈ
- ਤੁਸੀਂ ਭਵਿੱਖ ਵਿੱਚ ਆਪਣੀਆਂ ਵੀਜ਼ਾ ਸ਼ਰਤਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋ

## ਸ਼ੋਸ਼ਣ ਕਿਸਨੂੰ ਮੰਨਿਆ ਜਾਂਦਾ ਹੈ?

- ਬਿਨਾਂ ਤਨਖਾਹ ਦੇ ਜਾਂ ਘੱਟ ਤਨਖਾਹ ਤੇ ਕਰਾਇਆ ਗਿਆ ਕੰਮ
- ਕੰਮ ਕਰਨ ਦੀਆਂ ਅਸੁਰੱਖਿਅਤ ਸਥਿਤੀਆਂ
- ਜਿਨਸੀ ਛੇੜ - ਛਾੜ
- ਤੁਹਾਡਾ ਵੀਜ਼ਾ ਰੱਦ ਕਰਨ ਦੀਆਂ ਧਮਕੀਆਂ
- ABN ਲੈਣ ਲਈ ਮਜਬੂਰ ਕੀਤਾ ਗਿਆ
- ਅਣਉਚਿਤ ਬਰਖਾਸਤਗੀ

## ਤੁਸੀਂ ਅਜੇ ਵੀ ਵੀਜ਼ਾ ਰੱਦ ਕੀਤੇ ਜਾਣ ਤੋਂ ਸੁਰੱਖਿਅਤ ਹੋ ਸਕਦੇ ਹੋ ਜੇਕਰ:

- ਤੁਹਾਡੇ ਕੋਲ ਕੋਈ ਵੀ ਵੀਜ਼ਾ ਹੈ (ਬ੍ਰਿਜਿੰਗ ਵੀਜ਼ਾ ਸਮੇਤ)
- ਤੁਸੀਂ ਕੰਮ-ਕਾਜ ਦੇ ਸਥਾਨ ਤੇ ਸ਼ੋਸ਼ਣ ਦੇ ਕਾਰਨ ਉਸ ਵੀਜ਼ੇ ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਹੈ।
- ਤੁਹਾਨੂੰ ਕਿਸੇ ਭਰੋਸੇਯੋਗ ਸੰਸਥਾ ਤੋਂ ਆਪਣੇ ਸ਼ੋਸ਼ਣ ਦਾ ਪ੍ਰਮਾਣਿਤ ਸਬੂਤ ਮਿਲਿਆ ਹੈ
- ਤੁਸੀਂ ਭਵਿੱਖ ਵਿੱਚ ਆਪਣੀਆਂ ਵੀਜ਼ਾ ਸ਼ਰਤਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋ

## ਹੁਣੇ ਕਾਰਵਾਈ ਕਰੋ

1. ਕਿਸੇ ਯੂਨੀਅਨ, ਕਾਨੂੰਨੀ ਕੇਂਦਰ ਜਾਂ ਮਾਨਤਾ ਪ੍ਰਾਪਤ ਤੀਜੀ ਧਿਰ ਤੋਂ **ਸਲਾਹ ਲਓ**
2. **ਸਰਟੀਫ਼ੀਕੇਸ਼ਨ ਪ੍ਰਾਪਤ ਕਰੋ** - ਉਹ ਤੁਹਾਡੇ ਸ਼ੋਸ਼ਣ ਦੇ ਮਾਮਲੇ ਦੀ ਪੁਸ਼ਟੀ ਕਰਨਗੇ

   To find an accredited third party, go to: migrantworkers.org.au/atp

3. **ਹੋਮ ਅਫ਼ੇਅਰਸ ਨੂੰ** ਆਪਣੇ ਸਰਟੀਫ਼ੀਕੇਸ਼ਨ ਦੀ **ਸੂਚਨਾ ਦਿਉ**

   homeaffairs.gov.au

**ਸੰਪਰਕ ਕਰੋ:** ਫੇਅਰ ਵਰਕ ਓਮਬਡਸਮੈਨ ਜਾਂ ਮਾਨਤਾ ਪ੍ਰਾਪਤ ਕੋਈ ਤੀਜੀ ਧਿਰ

SOUTH AUSTRALIAN MIGRANT WORKERS

(08) 8279 2222

samigrantworkers.org.au

This material was developed with funding from the Australian Government.